**ਪੰਜਾਬ ਸਕੂਲ ਸਿੱਖਿਆ ਬੋਰਡ**
ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062
(ਕਾਰਜ ਸੰਚਾਲਨ ਸ਼ਾਖਾ )

ਨੰ:ਪਸਸਬ-ਕਸ-948-4197

2014/3 ਫਰਵਰੀ

ਮਿਤੀ ਮੋਹਾਲੀ

ਵੱਲ

ਪੰਜਾਬ ਰਾਜ ਦੇ ਸਮੂਹ
ਪ੍ਰਿੰਸੀਪਲ/ਮੁੱਖ ਅਧਿਆਪਕ/ਮੁੱਖ ਅਧਿਆਪਕਾ

ਵਿਸ਼ਾ:- **ਮੈਟ੍ਰਿਕ/ਬਾਰ੍ਹਵੀਂ ਸ਼੍ਰੇਣੀ ਦੀਆਂ ਸਾਲਾਨਾ ਪ੍ਰੀਖਿਆਵਾਂ ਮਾਰਚ 2014 ਨਾਲ ਸਬੰਧਤ ਪ੍ਰਯੋਗੀ ਪ੍ਰੀਖਿਆਵਾਂ ਦੇ ਸੰਚਾਲਨ ਸਬੰਧੀ ।**

ਵਿਸ਼ੇ ਅਧੀਨ **ਪ੍ਰਯੋਗੀ ਪ੍ਰੀਖਿਆਵਾਂ** ਜੋ ਮਿਤੀ 15-2-2014 ਤੋਂ ਆਰੰਭ ਹੋ ਰਹੀਆਂ ਹਨ, ਦਾ ਸੰਚਾਲਨ ਹੇਠ ਲਿਖੇ ਅਨੁਸਾਰ ਕਰਵਾਇਆ ਜਾਵੇ।

ਦਸਵੀਂ ਸ਼੍ਰੇਣੀ ਦੇ ਸਾਇੰਸ, ਗਣਿਤ ਅਤੇ ਕੰਪਿਊਟਰ ਸਾਇੰਸ ਅਤੇ ਬਾਰ੍ਹਵੀਂ ਸ਼੍ਰੇਣੀ ਦੇ ਭੌਤਿਕ ਵਿਗਿਆਨ, ਰਸਾਇਣਿਕ ਵਿਗਿਆਨ, ਜੀਵ ਵਿਗਿਆਨ, ਫੰਡਾਮੈਂਟਲ ਆੱਫ ਈ-ਬਿਜ਼ਨਸ, ਅਕਾਊਂਟੈਂਸੀ-2 ਅਤੇ ਹੋਮ ਸਾਇੰਸ ਦੇ ਵਿਸ਼ਿਆਂ ਦੇ ਪ੍ਰਯੋਗੀ ਪ੍ਰਸ਼ਨ ਪੱਤਰ ਦਫ਼ਤਰ ਵਲੋਂ ਭੇਜੇ ਜਾਣੇ ਹਨ ਅਤੇ ਇਹਨਾਂ ਵਿਸ਼ਿਆਂ ਦੇ ਪ੍ਰਯੋਗੀ ਪ੍ਰੀਖਿਅਕ ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ(ਸ) ਵਲੋਂ ਨਿਯੁਕਤ ਕੀਤੇ ਜਾਣੇ ਹਨ। ਪ੍ਰਯੋਗੀ ਪ੍ਰੀਖਿਆ ਖਤਮ ਹੋਣ ਉਪਰੰਤ ਨੰਬਰ ਸੂਚੀਆਂ ਦੋ ਦਿਨਾਂ ਦੇ ਅੰਦਰ-ਅੰਦਰ ਆਪਣੇ ਜ਼ਿਲ੍ਹੇ ਦੇ ਜ਼ਿਲ੍ਹਾ ਸਾਇੰਸ ਸੁਪਰਵਾਈਜਰ ਕੋਲ ਜਮ੍ਹਾਂ ਕਰਵਾਈਆਂ ਜਾਣ। ਦਸਵੀਂ/ਬਾਰ੍ਹਵੀਂ ਸ਼੍ਰੇਣੀ ਦੇ ਉਪਰੋਕਤ ਵਿਸ਼ਿਆਂ ਦੇ ਨਿਯੁਕਤ ਕੀਤੇ ਪ੍ਰੀਖਿਅਕਾਂ ਨੂੰ ਹੀ ਬੋਰਡ ਵਲੋਂ ਅਦਾਇਗੀ ਕੀਤੀ ਜਾਣੀ ਹੈ। ਇਹ ਪ੍ਰੀਖਿਆ ਲਿਖਤੀ ਪ੍ਰੀਖਿਆ ਵਾਲੇ ਕੇਂਦਰਾਂ ਵਿਖੇ ਹੀ ਕਰਵਾਈ ਜਾਵੇਗੀ।

ਦਸਵੀਂ/ਬਾਰ੍ਹਵੀਂ ਸ਼੍ਰੇਣੀ ਦੇ ਬਾਕੀ ਰਹਿੰਦੇ ਪ੍ਰਯੋਗੀ ਵਿਸ਼ਿਆਂ ਦੀ ਪ੍ਰਯੋਗੀ ਪ੍ਰੀਖਿਆ ਸਕੂਲ ਪੱਧਰ ਤੇ ਸਬੰਧਤ ਵਿਸ਼ੇ ਦੇ ਅਧਿਆਪਕ ਰਾਹੀਂ ਹੀ ਕਰਵਾਈ ਜਾਣੀ ਹੈ। ਗਰੇਡਿੰਗ ਵਾਲੇ ਵਿਸ਼ਿਆਂ ਦੀ ਗਰੇਡਿੰਗ ਸਕੂਲ ਮੁੱਖੀ ਮਿਤੀ 27-03-2014 ਤੋਂ ਪਹਿਲਾਂ ਆੱਨ-ਲਾਈਨ ਭਰਨ ਉਪਰੰਤ ਉਸ ਦਾ ਪ੍ਰਿੰਟ ਡਾਊਨਲੋਡ ਕਰਕੇ ਆਪਣੇ ਰਿਕਾਰਡ ਵਿੱਚ ਰੱਖਣਗੇ ਅਤੇ ਉਸ ਦੀ ਇੱਕ ਤਸਦੀਕਸ਼ੁਦਾ ਕਾਪੀ ਜ਼ਿਲ੍ਹਾ ਪੱਧਰ ਤੇ ਸਥਿਤ ਬੋਰਡ ਦੇ ਖੇਤਰੀ ਦਫ਼ਤਰਾਂ ਵਿੱਚ ਆਖਰੀ ਮਿਤੀ ਤੋਂ 5 ਦਿਨਾਂ ਦੇ ਅੰਦਰ-ਅੰਦਰ ਜ਼ਮ੍ਹਾਂ ਕਰਵਾਉਣਗੇ। ਜੇਕਰ ਕਿਸੇ ਸਕੂਲ ਮੁੱਖੀ ਵਲੋਂ ਅਜਿਹਾ ਨਹੀਂ ਕੀਤਾ ਜਾਂਦਾ। ਉਸ ਸਕੂਲ ਦੀ ਗਰੇਡਿੰਗ ਵਾਲੇ ਵਿਸ਼ਿਆਂ ਦੀ ਗਰੇਡਿੰਗ ਨਹੀਂ ਮੰਨੀ ਜਾਵੇਗੀ।

ਮੈਟ੍ਰਿਕ ਸ਼੍ਰੇਣੀ ਦੇ ਓਪਨ ਸਕੂਲ ਸਕੀਮ ਅਧੀਨ ਅਪੀਅਰ ਹੋਣ ਵਾਲੇ ਪ੍ਰੀਖਿਆਰਥੀਆ ਅਤੇ ਲਿਖਣ ਅਸਮੱਰਥਾ ਰੱਖਣ ਵਾਲੇ ਪ੍ਰੀਖਿਆਰਥੀਆਂ ਦੀ ਗਰੇਡਿੰਗ ਨਾ ਭੇਜੀ ਜਾਵੇ, ਜਿਹਨਾਂ ਵਿਸ਼ਿਆਂ ਦੀ ਪ੍ਰੀਖਿਆ ਸਕੂਲ ਪੱਧਰ ਤੇ ਲੈ ਕੇ ਗਰੇਡਿੰਗ ਭੇਜੀ ਜਾਣੀ ਹੈ, ਉਹਨਾਂ ਨੂੰ ਕੋਈ ਮਿਹਨਤਾਨੇ ਦੀ ਅਦਾਇਗੀ ਨਹੀਂ ਕੀਤੀ ਜਾਵੇਗੀ।

ਦਸਵੀਂ/ਬਾਰ੍ਹਵੀਂ ਦੇ ਆਪ ਵਲੋਂ ਨਿਯੁਕਤ ਕੀਤੇ ਗਏ ਐਕਸਟਰਨਲ ਪ੍ਰੀਖਿਅਕਾਂ ਨੂੰ ਦਫ਼ਤਰ ਵਲੋਂ ਮੌਕੇ ਤੇ ਹੀ ਅਦਾਇਗੀ ਕੀਤੀ ਜਾਣੀ ਹੈ। ਇਸ ਲਈ ਸਬੰਧਤ ਪ੍ਰੀਖਿਅਕਾਂ ਨੂੰ ਹਦਾਇਤ ਕਰ ਦਿੱਤੀ ਜਾਵੇ ਕਿ ਉਹ ਆਪਣੇ ਮਿਹਨਤਾਨੇ ਦਾ ਬਿਲ ਮੁਕੰਮਲ ਕਰਕੇ ਸਬੰਧਤ ਜ਼ਿਲ੍ਹਾ ਸਾਇੰਸ ਸੁਪਰਵਾਈਜਰ ਕੋਲੋਂ ਪ੍ਰਤੀ ਹਸਤਾਖਰ ਕਰਵਾਉਣ ਉਪਰੰਤ ਅਦਾਇਗੀ ਆਪਣੇ ਜ਼ਿਲ੍ਹੇ ਦੇ ਜ਼ਿਲ੍ਹਾ ਮੈਨੇਜਰ, ਖੇਤਰੀ ਦਫ਼ਤਰ, ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਪ੍ਰਾਪਤ ਕਰਨ ਦੀ ਖੇਚਲ ਕਰਨ।

**ਜ਼ਰੂਰੀ ਨੋਟ**:- ਪ੍ਰਯੋਗੀ ਪ੍ਰੀਖਿਆ ਦੇ ਪ੍ਰਸ਼ਨ ਪੱਤਰ ਮਿਤੀ 10-2-2014 ਨੂੰ ਜ਼ਿਲ੍ਹਾ ਸਿੱਖਿਆ ਅਫ਼ਸਰ(ਸ) ਨੂੰ ਭੇਜ ਦਿੱਤੇ ਜਾਣਗੇ ਜਿਸ ਦੀ ਵੰਡ ਉਹਨਾਂ ਵਲੋਂ ਮਿਤੀ 11-2-2014 ਅਤੇ 12-2-2014 ਨੂੰ ਕੀਤੀ ਜਾਵੇਗੀ। ਕ੍ਰਿਪਾ ਕਰਕੇ ਸਮੇਂ ਸਿਰ ਪ੍ਰਸ਼ਨ ਪੱਤਰ ਅਤੇ ਹੋਰ ਸਮੱਗਰੀ ਪ੍ਰਾਪਤ ਕਰਨ ਦੀ ਖੇਚਲ ਕੀਤੀ ਜਾਵੇ ਜੀ।

3/2/14

ਉਪ ਸਕੱਤਰ(ਕ.ਸ)
ਵਾਸਤੇ ਸਕੱਤਰ